Sunshine Coast COUNCIL | Our region. Healthy. Smart. Creative.

Welcome
Multicultural Welcome Hub

INFORMATION SHEET

## ਕੂੜਾ-ਕਰਕਟ ਪ੍ਰਬੰਧਨ

ਕੌਂਸਲ ਸਾਰੇ ਸਨਸ਼ਾਈਨ ਕੋਸਟ ਦੇ ਘਰਾਂ ਨੂੰ ਕੂੜਾ ਇਕੱਤਰ ਕਰਨ ਦੀ ਸੇਵਾ ਪ੍ਰਦਾਨ ਕਰਦੀ ਹੈ

ਹਰੇਕ **ਘਰ** ਵਿੱਚ ਘੱਟੋ-ਘੱਟ ਦੋ ਕਿਸਮ ਦੇ ਕੂੜਾਦਾਨ ਹੁੰਦੇ ਹਨ ਲਾਲ ਜਾਂ



ਹਰੇ ਢੱਕਣ ਵਾਲਾ ਆਮ ਰਹਿੰਦ-ਖੂੰਹਦ ਵਾਲਾ ਕੂੜੇਦਾਨ ਅਤੇ ਪੀਲੇ ਢੱਕਣ ਵਾਲਾ ਰੀਸਾਈਕਲਿੰਗ ਬਿਨ ਹੁੰਦਾ ਹੈ ਕੁਝ ਘਰਾਂ ਵਿਚ ਬਗੀਚੇ ਦੀ ਰਹਿੰਦ-ਖੂੰਹਦ ਵਾਲਾ ਕੂੜਾਦਾਨ ਵੀ ਹੁੰਦਾ ਹੈ

## ਕੂੜਾ-ਕਰਕਟ ਕੂੜੇਦਾਨ

ਕੂੜਾ-ਕਰਕਟ ਕੂੜੇਦਾਨ (ਲਾਲ ਜਾਂ ਹਰੇ ਢੱਕਣ ਵਾਲੇ) ਸਿਰਫ ਆਮ ਘਰੇਲੂ ਰਹਿੰਦ-ਖੂੰਹਦ ਲਈ ਹੁੰਦੇ ਹਨ, ਜਿਵੇਂ ਕਿ ਭੋਜਨ ਦੀ ਰਹਿੰਦ ਅਤੇ ਪਲਾਸਟਿਕ ਦੇ ਲਿਫਾਫੇ ਇਹ ਕੂੜੇਦਾਨ ਹਫਤਾਵਾਰੀ ਖਾਲੀ ਹੁੰਦਾ ਹੈ

## ਰੀਸਾਈਕਲਿੰਗ ਬਿਨ

ਰੀਸਾਈਕਲਿੰਗ ਕੂੜੇਦਾਨ (ਪੀਲੇ ਢੱਕਣ ਵਾਲਾ) ਸਿਰਫ ਮੁੜ-ਵਰਤੋਂਯੋਗ ਚੀਜ਼ਾਂ ਲਈ ਹੁੰਦੇ ਹਨ, ਜਿਵੇਂ ਕਿ ਅਖਬਾਰ, ਖਾਸ ਪਲਾਸਟਿਕ, ਸਟੀਲ ਅਤੇ ਅਲਮੀਨੀਅਮ ਦੇ ਕੈਨ।

ਇਸ ਕੂੜੇਦਾਨ ਵਿੱਚ ਨੈਪੀਜ਼, ਖਾਣਾ ਜਾਂ ਟੁੱਟਾ ਗਲਾਸ ਨਾ ਪਾਓ।

ਇਹ ਕੂੜੇਦਾਨ ਹਰ ਦੋ ਹਫਤਿਆਂ ਬਾਅਦ ਖਾਲੀ ਕੀਤਾ ਜਾਂਦਾ ਹੈ।

ਬਗੀਚੇ

ਦੀ



## ਰਹਿੰਦ-ਖੂੰਹਦ ਵਾਲਾ ਕੂੜਾਦਾਨ

ਕੁਝ ਘਰਾਂ ਵਿੱਚ ਬਗੀਚੇ ਦੀ ਕੱਟ-ਵੱਢ, ਪੱਤੇ ਅਤੇ ਬਗੀਚੇ ਦੀ ਛਾਂਗ-ਛਂਗਾਈ ਲਈ ਇੱਕ ਬਗੀਚੇ ਦੀ ਰਹਿੰਦ-ਖੂੰਹਦ ਵਾਲਾ ਕੂੜਾਦਾਨ (ਭੂਰੇ ਜਾਂ ਹਲਕੇ ਹਰੇ ਢੱਕਣ) ਵੀ ਹੁੰਦਾ ਹੈ। ਤੁਸੀਂ ਬਗੀਚੇ ਦੀ ਰਹਿੰਦ-ਖੂੰਹਦ ਵਾਲੇ

Queensland Government

ਕੂੜਾਦਾਨ ਵਿੱਚ ਆਮ ਕੂੜਾ-ਕਰਕਟ ਅਤੇ ਮੁੜਵਰਤੋਂ-ਯੋਗ ਚੀਜ਼ਾਂ ਨਹੀਂ ਪਾ ਸਕਦੇ ਹੋ।

## ਕੂੜਾ ਇਕੱਤਰ ਵਾਲੇ ਦਿਨ

ਤੁਸੀਂ ਕੌਂਸਲ ਦੀ ਵੈਬਸਾਈਟ 'ਤੇ ਇਹ ਪਤਾ ਕਰ ਸਕਦੇ ਹੋ ਕਿ ਕਿਹੜੇ ਦਿਨ ਤੁਹਾਡੇ ਕੂੜੇਦਾਨ ਖਾਲੀ ਕੀਤੇ ਜਾਂਦੇ ਹਨ - ਵੇਸਟ ਅਤੇ ਰੀਸਾਈਕਲਿੰਗ ਖੋਜੋ।

- ਆਪਣੇ ਕੂੜਾਦਾਨ ਇਕੱਠੇ ਕੀਤੇ ਜਾਣ ਵਾਲੇ ਦਿਨ ਸਵੇਰੇ 6 ਵਜੇ ਤੋਂ ਪਹਿਲਾਂ ਆਪਣੇ ਕੂੜੇਦਾਨ ਨੂੰ ਸੜਕ ਕਿਨਾਰੇ ਰੱਖੋ।
- ਕੂੜੇਦਾਨ ਦਾ ਢੱਕਣ ਬਿਲਕੁਲ ਬੰਦ ਹੋਣਾ ਚਾਹੀਦਾ ਹੈ।
- ਆਪਣੇ ਕੂੜੇਦਾਨ ਦੇ ਪਹੀਏ ਵਾਲੇ ਪਾਸੇ ਨੂੰ ਸੜਕ ਤੋਂ ਦੂਜੇ ਪਾਸੇ ਰੱਖੋ।
- ਖਾਲੀ ਕੀਤੇ ਜਾਣ ਤੋਂ ਬਾਅਦ ਆਪਣੇ ਕੂੜੇਦਾਨ ਨੂੰ ਵਾਪਸ ਆਪਣੇ ਘਰ ਲੈ ਜਾਓ।
- ਜੇ ਤੁਹਾਨੂੰ ਪਤਾ ਨਹੀਂ ਕਿ ਕੀ ਕਰਨਾ ਹੈ ਤਾਂ ਤੁਸੀਂ ਆਪਣੇ ਗੁਆਂਢੀਆਂ ਨੂੰ ਪੁੱਛ ਸਕਦੇ ਹੋ।

## ਮੈਂ ਵੱਡੀਆਂ ਵਸਤੂਆਂ ਦਾ ਨਿਪਟਾਰਾ ਕਿਵੇਂ ਕਰਾਂ?

ਉਹ ਚੀਜ਼ਾਂ ਜੋ ਤੁਹਾਡੇ ਆਮ ਕੂੜੇਦਾਨ ਅਤੇ ਰੀਸਾਈਕਲਿੰਗ ਡੱਬਿਆਂ ਵਿੱਚ ਨਹੀਂ ਪੈਂਦੀਆਂ, ਉਹਨਾਂ ਨੂੰ ਕੂੜੇ ਇਕੱਠਾ ਕਰਨ ਵਾਲੀ ਥਾਂ 'ਤੇ ਲਿਜਾਣਾ ਚਾਹੀਦਾ ਹੈ। ਸਨਸ਼ਾਈਨ ਕੋਸਟ ਵਿੱਚ ਕੂੜੇ ਨੂੰ ਇਕੱਠਾ ਕਰਨ ਵਾਲੀਆ ਅੱਠ ਥਾਵਾਂ ਹਨ। ਕੌਂਸਲ ਦੀ ਕੂੜਾ ਇਕੱਠਾ ਕਰਨ ਵਾਲੀ ਥਾਂ 'ਤੇ ਕੂੜਾ-ਕਰਕਟ ਸੁੱਟਣ ਲਈ ਥੋੜ੍ਹੀ ਜਿਹੀ ਫੀਸ ਹੁੰਦੀ ਹੈ।

ਤੁਸੀਂ ਕੌਂਸਲ ਦੀ ਵੈਬਸਾਈਟ 'ਤੇ ਇਹਨਾਂ ਸਥਾਨਾਂ ਅਤੇ ਫ਼ੀਸਾਂ ਬਾਰੇ ਦੇਖ ਸਕਦੇ ਹੋ।

## ਜਨਤਕ ਕੂੜੇਦਾਨ

ਜਨਤਕ ਕੂੜੇਦਾਨ ਸਾਡੇ ਪਾਰਕਾਂ ਅਤੇ ਬੀਚਾਂ ਨੂੰ ਸਾਫ ਰੱਖਣ ਵਿੱਚ ਵੀ ਸਹਾਇਤਾ ਕਰਦੇ ਹਨ

ਜਨਤਕ ਕੂੜੇਦਾਨਾਂ ਵਿੱਚ ਇੱਕ ਆਮ ਕੂੜਾਦਾਨ ਅਤੇ ਇੱਕ ਰੀਸਾਈਕਲਿੰਗ ਬਿਨ ਹੁੰਦਾ ਹੈ

## ਮਲਟੀਕਲਚਰਲ ਵੈਲਕਮ ਹੱਬ

ਕੌਂਸਲ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲਈ ਮਲਟੀਕਲਚਰਲ ਵੈਲਕਮ ਹੱਬ ਦੀ ਪੜਚੋਲ ਕਰੋ।

ਇਹ ਪਤਾ ਲਗਾਓ ਕਿ ਤੁਹਾਨੂੰ ਸਹਾਇਤਾ ਕਿੱਥੋਂ ਮਿਲ ਸਕਦੀ ਹੈ, ਤੁਸੀਂ ਲੋਕਾਂ ਨੂੰ ਕਿਵੇਂ ਮਿਲ ਸਕਦੇ ਹੋ ਅਤੇ ਆਪਣੇ ਨਵੇਂ ਭਾਈਚਾਰੇ ਦਾ ਪਤਾ ਲਗਾ ਸਕਦੇ ਹੋ।
www.sunshinecoast.qld.gov.au/multicultural

## ਕੀ ਤੁਹਾਨੂੰ ਭਾਸ਼ਾ 'ਚ ਮਦਦ ਚਾਹੀਦੀ ਹੈ?

ਜੇ ਤੁਹਾਨੂੰ ਅੰਗ੍ਰੇਜ਼ੀ ਬੋਲਣ ਜਾਂ **ਸਮਝਣ** ਵਿੱਚ ਮੁਸ਼ਕਲ ਆਉਂਦੀ ਹੈ, ਤਾਂ ਤੁਸੀਂ 131 450 'ਤੇ ਅਨੁਵਾਦਕ ਅਤੇ ਦੁਭਾਸ਼ੀਆ ਸੇਵਾ (ਟੀ.ਆਈ.ਐੱਸ.) ਨੂੰ ਫ਼ੋਨ **ਕਰ** ਸਕਦੇ ਹੋ ਅਤੇ ਸਨਸ਼ਾਈਨ ਕੋਸਟ ਕੌਂਸਲ ਨੂੰ 5475 7272 'ਤੇ ਫ਼ੋਨ **ਕਰਨ** ਦੀ ਬੇਨਤੀ **ਕਰ** ਸਕਦੇ ਹੋ।




## ਔਨਲਾਈਨ ਜਾਣਕਾਰੀ ਦਾ ਅਨੁਵਾਦ ਕਰਨਾ

ਤੁਸੀਂ ਵੈੱਬਪੇਜਾਂ ਨੂੰ ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ ਕਰਨ ਲਈ ਗੂਗਲ ਕਰੋਮ ਦੀ ਵਰਤੋਂ ਕਰ ਸਕਦੇ ਹੋ। ਇਸ ਕਾਰਜ ਨੂੰ ਸਰਗਰਮ ਕਰਨ ਲਈ ਇਨ੍ਹਾਂ ਗੱਲਾਂ ਦੀ ਪਾਲਣਾ ਕਰੋ:

- ਆਪਣੇ ਕੰਪਿਊਟਰ' ਤੇ, ਕਰੋਮ ਖੋਲ੍ਹੋ।
- ਉੱਪਰ ਸੱਜੇ ਪਾਸੇ 'ਤੇ, ਹੋਰ ਸੈਟਿੰਗਜ਼ 'ਤੇ ਕਲਿਕ ਕਰੋ।
- ਥੱਲੇ ਜਾਕੇ, ਐਡਵਾਂਸਡ 'ਤੇ ਕਲਿੱਕ ਕਰੋ।
- "ਭਾਸ਼ਾਵਾਂ" ਦੇ ਅਧੀਨ, ਭਾਸ਼ਾ 'ਤੇ ਕਲਿਕ ਕਰੋ।
- ਚੈੱਕ ਕਰੋ ਜਾਂ ਅਨਚੈਕ ਕਰੋ "ਉਨ੍ਹਾਂ ਪੰਨਿਆਂ ਦਾ ਅਨੁਵਾਦ ਕਰਨ ਦੀ ਪੇਸ਼ਕਸ਼ ਕਰੋ ਜਿਹੜੇ ਤੁਹਾਡੇ ਪੜ੍ਹਨ ਵਾਲੀ ਭਾਸ਼ਾ ਵਿੱਚ ਨਹੀਂ ਹਨ। "

ਅਗਸਤ 2019 ਨੂੰ ਮੌਜੂਦਾ ਤੌਰ 'ਤੇ

**Sunshine Coast Council**
**www.sunshinecoast.qld.gov.au**
mail@sunshinecoast.qld.gov.au
**T** 07 5475 7272 **F** 07 5475 7277
Locked Bag 72 Sunshine Coast Mail Centre Qld 4560